# ਕਿਸ਼ੋਰਾਂ ਲਈ ਮੈਨਿਨਗੋਕੋਕਲ ACWY ਟੀਕਾ

**ਮੈਨਿਨਗੋਕੋਕਲ ਗੰਭੀਰ ਰੋਗ ਹੈ, ਪਰ ਤੁਹਾਡੀ ਸੁਰੱਖਿਆ ਕੀਤੀ ਜਾ ਸਕਦੀ ਹੈ।**



## ਇਹ ਟੀਕਾ ਕਿੰਨਾ ਪ੍ਰਭਾਵੀ ਹੈ?

ਮੈਨਿਨਗੋਕੋਕਲ ਟੀਕਾ ਨੌਂਜਵਾਨਾਂ ਵਿੱਚ ਮੈਨਿਨਗੋਕੋਕਲ ਰੋਗ ਦੀ ਰੋਕਥਾਮ ਕਰਨ ਵਿੱਚ ਮਦਦ ਦੇਣ ਦਾ ਇੱਕ ਸੁਰੱਖਿਅਤ ਅਤੇ ਪ੍ਰਭਾਵੀ ਤਰੀਕਾ ਹੈ।

ਮੈਨਿਨਗੋਕੋਕਲ ACWY ਟੀਕੇ ਦੀ ਇੱਕ ਖੁਰਾਕ ਮੈਨਿਨਗੋਕੋਕਲ ਰੋਗ ਦੇ ਇਨ੍ਹਾਂ ਚਾਰ ਪ੍ਰਕਾਰਾਂ ਖਿਲਾਫ ਸੁਰੱਖਿਆ ਦੇਣ ਵਿੱਚ ਬਹੁਤ ਪ੍ਰਭਾਵੀ ਹੁੰਦੀ ਹੈ।



## ਇਹ ਟੀਕਾ ਕਿੰਨਾ ਸੁਰੱਖਿਅਤ ਹੈ?

**ਮੈਨਿਨਗੋਕੋਕਲ ਦਾ ਟੀਕਾ ਸੁਰੱਖਿਅਤ ਹੈ। ਮੈਨਿਨਗੋਕੋਕਲ ACWY ਟੀਕਾਕਰਣ ਪ੍ਰੋਗ੍ਰਾਮ UK ਵਿੱਚ 2015 ਤੋਂ ਅਤੇ US ਵਿੱਚ 2005 ਤੋਂ ਕਿਸ਼ੋਰਾਂ ਲਈ ਚੱਲਾਏ ਜਾ ਰਹੇ ਹਨ।**

ਜਿਵੇਂ ਕੀ ਸਾਰੇ ਟੀਕਿਆਂ ਨਾਲ ਹੁੰਦਾ ਹੈ, ਕੁੱਝ ਲੋਕਾਂ ਨੂੰ ਇਸ ਨਾਲ ਪ੍ਰਤੀਕ੍ਰਿਆ ਹੋ ਸਕਦੀ ਹੈ।

ਇਹ ਆਮ-ਤੌਰ ‘ਤੇ ਹਲਕੀ ਹੁੰਦੀ ਹੈ ਅਤੇ ਇਸ ਵਿੱਚ ਸ਼ਾਮਿਲ ਹੈ:

- ਟੀਕਾ ਲੱਗਣ ਵਾਲੀ ਥਾਂ ਤੇ ਦਰਦ, ਸੋਜ ਜਾਂ ਲਾਲ ਨਿਸ਼ਾਨ
- ਸਿਰਦਰਦ, ਥਕਾਵਟ ਅਤੇ ਬੁਖਾਰ
- ਜੀ ਕੱਚਾ ਹੋਣਾ ਅਤੇ ਭੁੱਖ ਘੱਟ ਲਗਣੀ।

ਇਸ ਟੀਕੇ ਦੇ ਗੰਭੀਰ ਮਾੜੇ ਪ੍ਰਭਾਵ ਬਹੁਤ ਹੀ ਘੱਟ ਹੁੰਦੇ ਹਨ।

ਜੇਕਰ ਤੁਸੀਂ ਆਪਣੇ ਬੱਚੇ ਨੂੰ ਹੋਈ ਪ੍ਰਤੀਕ੍ਰਿਆ ਨੂੰ ਲੈ ਕੇ ਚਿੰਤਿਤ ਹੋ, ਤਾਂ ਡਾਕਟਰੀ ਸਲਾਹ ਲਓ।

ਕਿਸ਼ੋਰਾਂ ਲਈ ਮੈਨਿਨਗੋਕੋਕਲ ACWY ਟੀਕਾ

**ਤੁਸੀਂ ਮੈਨਿਨਗੋਕੋਕਲ ਦੇ ਟੀਕੇ ਦੀ ਸੁਰੱਖਿਆ ਬਾਰੇ ਵਧੇਰੀ ਜਾਣਕਾਰੀ Therapeutic Goods Administration ਦੀ ਵੈੱਬਸਾਈਟ tga.gov.au ਤੋਂ ਲੈ ਸਕਦੇ ਹੋ।**

**health.gov.au/immunisation**

**health.gov.au/immunisation**

Australian Government
Department of Health

National Immunisation Program
A joint Australian, State and Territory Government Initiative

# ਕਿਸ਼ੋਰਾਂ ਲਈ ਮੈਨਿਨਗੋਕੋਕਲ ACWY ਟੀਕਾ

## ਮੈਨਿਨਗੋਕੋਕਲ ਰੋਗ ਕੀ ਹੈ?

**ਮੈਨਿਨਗੋਕੋਕਲ ਰੋਗ ਤਦੋਂ ਹੁੰਦਾ ਹੈ ਜਦੋਂ ਮੈਨਿਨਗੋਕੋਕਲ ਬੈਕਟੀਰੀਆ, ਜੋ ਆਮ ਤੌਰ 'ਤੇ ਨੱਕ ਜਾਂ ਗਲੇ ਵਿੱਚ ਪਾਇਆ ਜਾਂਦਾ ਹੈ, ਸਰੀਰ 'ਤੇ ਹਮਲਾ ਕਰਦਾ ਹੈ ਅਤੇ ਗੰਭੀਰ ਬਿਮਾਰੀ ਦਾ ਕਾਰਨ ਬਣਦਾ ਹੈ।**

ਵੱਡੀ ਉਮਰ ਦੇ ਕਿਸ਼ੋਰਾਂ ਅਤੇ ਨੌਜਵਾਨ ਬਾਲਗਾਂ ਦੇ ਬੈਕਟੀਰੀਆ ਨਾਲ ਗ੍ਰਸਤ ਹੋਣ ਅਤੇ ਦੂਜਿਆਂ ਨੂੰ ਫੈਲਾਉਣ ਦੀ ਸੰਭਾਵਨਾ ਵੱਧ ਹੁੰਦੀ ਹੈ।

ਮੈਨਿਨਗੋਕੋਕਲ ਬੈਕਟੀਰੀਆ ਦੇ ਕਈ ਵੱਖ-ਵੱਖ ਪ੍ਰਕਾਰ ਹਨ। ਦੁਨੀਆ ਭਰ ਵਿੱਚ, ਉਹ ਮੁੱਖ ਪ੍ਰਕਾਰ ਜਿੰਨ੍ਹਾਂ ਕਰਕੇ ਮੈਨਿਨਗੋਕੋਕਲ ਰੋਗ ਹੁੰਦਾ ਹੈ, ਉਹ A, B, C, W ਅਤੇ Y ਹਨ।

ਮੈਨਿਨਗੋਕੋਕਲ ਰੋਗ ਦੇ ਲੱਛਣਾਂ ਵਿੱਚ ਬੁਖਾਰ, ਸਿਰਦਰਦ, ਉਲਟੀ ਆਉਣਾ, ਗਰਦਨ ਅਕੜਣੀ ਜਾਂ ਮਾਸਪੇਸ਼ੀਆਂ ਵਿੱਚ ਦਰਦ, ਅਤੇ ਕਦੇ-ਕਦਾਈ ਇਸਦੇ ਬਾਅਦ ਲਾਲ ਜਾਂ ਜਾਮਣੀ ਰੰਗ ਦੇ ਧੱਫੜ ਹੋਣਾ ਸ਼ਾਮਿਲ ਹੈ।

ਇਸ ਰੋਗ ਕਰਕੇ ਅੰਗਾਂ ਦੇ ਕੰਮ ਕਰਨਾ ਬੰਦ ਕਰਨ ਕਰਕੇ ਪੱਕੇ ਤੌਰ 'ਤੇ ਅਪਾਹਜਤਾ, ਬੋਲਾਪਣ ਅਤੇ ਅੰਨ੍ਹਾਪਣ, ਦਾਗ ਪੈਣੇ ਅਤੇ ਗੁਰਦੇ ਜਾਂ ਜਿਗਰ ਦਾ ਕੰਮ ਕਰਨਾ ਬੰਦ ਕਰਨ ਵਰਗੀਆਂ ਸਮੱਸਿਆਵਾਂ ਪੈਦਾ ਹੋ ਸਕਦੀਆਂ ਹਨ ।

ਮੈਨਿਨਗੋਕੋਕਲ ਰੋਗ ਨਾਲ ਗ੍ਰਸਤ ਪੰਜ ਤੋਂ ਦੱਸ ਪ੍ਰਤੀਸ਼ਤ ਮਰੀਜਾਂ ਦੀ ਮੌਤ ਹੋ ਜਾਂਦੀ ਹੈ, ਕਦੇ-ਕਦਾਈ ਸ਼ੁਰੂ ਵਿੱਚ ਕੀਤੇ ਇਲਾਜ ਦੇ ਬਾਵਜੂਦ ਵੀ।

## ਟੀਕਾ ਕਿਉਂ ਲਗਵਾਉਣਾ ਚਾਹੀਦਾ ਹੈ?

**ਮੈਨਿਨਗੋਕੋਕਲ ਰੋਗ ਦੁਰਲਭ ਹੈ ਪਰ ਇਹ ਬਹੁਤ ਗੰਭੀਰ ਹੈ ਅਤੇ ਛੇਤੀ ਹੀ ਜਾਨਲੇਵਾ ਬਣ ਸਕਦਾ ਹੈ।**

ਮੈਨਿਨਗੋਕੋਕਲ ACWY ਟੀਕਾ ਚਾਰ ਤਰ੍ਹਾਂ ਦੇ ਮੈਨਿਨਗੋਕੋਕਲ ਰੋਗਾਂ ਖਿਲਾਫ ਸੁਰੱਖਿਆ ਪ੍ਰਦਾਨ ਕਰਦਾ ਹੈ, ਇਨ੍ਹਾਂ ਵਿੱਚ ਅਜਿਹੇ ਦੋ ਪ੍ਰਕਾਰ ਸ਼ਾਮਿਲ ਹਨ ਜਿਹੜੇ ਹਾਲ ਹੀ ਦੇ ਸਾਲਾਂ ਵਿੱਚ ਆਸਟ੍ਰੇਲੀਆ ਵਿੱਚ ਹੋਰ ਆਮ ਹੋ ਗਏ ਹਨ, ਅਤੇ ਜੋ W ਅਤੇ Y ਪ੍ਰਕਾਰ ਦੇ ਬੈਕਟੀਰੀਆ ਕਰਕੇ ਪੈਦਾ ਹੁੰਦੇ ਹਨ।

ਇੱਕ ਵੱਖਰਾ ਟੀਕਾ ਮੈਨਿਨਗੋਕੋਕਲ B ਪ੍ਰਕਾਰ ਖਿਲਾਫ ਸੁਰੱਖਿਆ ਪ੍ਰਦਾਨ ਕਰਦਾ ਹੈ। ਇਸ ਟੀਕੇ ਬਾਰੇ ਵਧੇਰੀ ਜਾਣਕਾਰੀ ਲਈ ਆਪਣੇ GP ਜਾਂ ਹੋਰ ਟੀਕਾਕਰਣ ਪ੍ਰਦਾਤਾ ਨਾਲ ਗੱਲਬਾਤ ਕਰੋ।

## ਮੈਨਿਨਗੋਕੋਕਲ ਟੀਕੇ ਦੀਆਂ ਦੋਬਾਰਾ ਲਈ ਜਾਣ ਵਾਲੀਆਂ ਖੁਰਾਕਾਂ

ਜੇਕਰ ਯੋਗ ਵਿਅਕਤੀ ਨੂੰ ਆਪਣੇ ਬਚਪਨ ਵਿੱਚ ਮੈਨਿਨਗੋਕੋਕਲ C ਦਾ ਟੀਕਾ ਲਗਿਆ ਹੋਵੇ, ਤਾਂ ਵੀ ਇਹ ਸੁਝਾਅ ਦਿੱਤਾ ਜਾਂਦਾ ਹੈ ਕਿ ਉਸਨੂੰ ਕਿਸ਼ੋਰਾਵਸਥਾ ਵਿੱਚ ਮੈਨਿਨਗੋਕੋਕਲ ACWY ਟੀਕਾ ਲਗਾਇਆ ਜਾਵੇ। ਮੈਨਿਨਗੋਕੋਕਲ ACWY ਟੀਕਾ A, W, Y ਪ੍ਰਕਾਰਾਂ ਖਿਲਾਫ ਸੁਰੱਖਿਆ ਪ੍ਰਦਾਨ ਕਰਦਾ ਹੈ ਅਤੇ ਇਸਦੇ ਨਾਲ ਹੀ C ਪ੍ਰਕਾਰ ਖਿਲਾਫ ਸੁਰੱਖਿਆ ਨੂੰ ਵਧਾਵੇਗਾ।

## ਤੁਸੀਂ ਟੀਕਾ ਕਿਵੇਂ ਲਗਵਾ ਸਕਦੇ ਹੋ?

**ਇਹ ਟੀਕਾ ਸਕੂਲ-ਆਧਾਰਿਤ ਟੀਕਾਕਰਣ ਪ੍ਰੋਗ੍ਰਾਮਾਂ ਦੁਆਰਾ ਜਮਾਤ 10 ਵਿੱਚ ਪੜ੍ਹਣ ਵਾਲੇ 14–16 ਸਾਲ ਦੀ ਉਮਰ ਵਾਲੇ ਵਿਦਿਆਰਥੀਆਂ ਲਈ ਮੁਫਤ ਹੈ। ਜੇਕਰ ਤੁਹਾਡੇ ਬੱਚੇ/ਤੁਹਾਡੀ ਬੱਚੀ ਦੀ ਉਮਰ 14–16 ਸਾਲ ਹੈ, ਪਰ ਜੇਕਰ ਉਹ ਯੋਗ ਜਮਾਤ ਵਿੱਚ ਪੜ੍ਹਾਈ ਨਹੀਂ ਕਰ ਰਿਹਾ/ਰਹੀ ਹੈ, ਤਾਂ ਉਸਨੂੰ ਟੀਕਾ ਨਹੀਂ ਲਗੇਗਾ।**

ਯੋਗ ਜਮਾਤ ਵਿੱਚ ਪੜ੍ਹਾਈ ਕਰਨ ਵਾਲੇ ਵਿਦਿਆਰਥੀਆਂ ਨੂੰ ਆਪਣੇ ਸਕੂਲ ਤੋਂ ਸਹਿਮਤੀ ਫਾਰਮ ਮਿਲੇਗਾ। ਇਸ ਸਹਿਮਤੀ ਫਾਰਮ 'ਤੇ ਮਾਤਾ-ਪਿਤਾ ਜਾਂ ਸਰਪ੍ਰਸਤ ਦੁਆਰਾ ਹਸਤਾਖਰ ਕੀਤੇ ਜਾਣੇ ਚਾਹੀਦੇ ਹਨ ਅਤੇ ਇਹ ਟੀਕਾ ਲਗਾਉਣ ਤੋਂ ਪਹਿਲਾਂ ਸਕੂਲ ਵਾਪਸ ਭੇਜਿਆ ਜਾਣਾ ਚਾਹੀਦਾ ਹੈ।

15 ਤੋਂ 19 ਸਾਲ ਦੀ ਉਮਰ ਵਾਲੇ ਕਿਸ਼ੋਰ, ਜਿਨ੍ਹਾਂ ਨੂੰ ਸਕੂਲ ਵਿੱਚ ਟੀਕਾ ਨਹੀਂ ਲਗਾਇਆ ਜਾਂਦਾ ਹੈ, ਉਹ ਆਪਣੇ GP ਜਾਂ ਟੀਕਾਕਰਣ ਪ੍ਰਦਾਤਾ ਤੋਂ ਇਹ ਟੀਕਾ ਲਗਵਾ ਸਕਦੇ ਹਨ।

## ਮੈਨੂੰ ਇਹ ਕਿਵੇਂ ਪਤਾ ਲਗ ਸਕਦਾ ਹੈ ਕਿ ਕੀ ਮੇਰੇ ਬੱਚੇ/ਮੇਰੀ ਬੱਚੀ ਨੂੰ ਟੀਕਾ ਲਗਿਆ ਹੈ ਜਾਂ ਨਹੀਂ?

**ਆਸਟ੍ਰੇਲੀਆਈ ਟੀਕਾਕਰਣ ਰਜਿਸਟਰ ਆਸਟ੍ਰੇਲੀਆ ਵਿੱਚ ਲੱਗਣ ਵਾਲੇ ਟੀਕਿਆਂ ਦਾ ਰਿਕਾਰਡ ਰੱਖਦਾ ਹੈ।**

14 ਸਾਲ ਦੀ ਉਮਰ ਤੋਂ ਘੱਟ ਵਾਲੇ ਬੱਚਿਆਂ ਦੇ ਮਾਤਾ-ਪਿਤਾ ਅਤੇ ਸਰਪ੍ਰਸਤ ਕਿਸੇ ਵੀ ਸਮੇਂ myGov (my.gov.au) ਦੁਆਰਾ ਆਪਣੇ Medicare ਆਨਲਾਇਨ ਅਕਾਉਂਟ ਦੀ ਵਰਤੋਂ ਕਰਕੇ ਆਪਣੇ ਬੱਚੇ/ਆਪਣੀ ਬੱਚੀ ਦੀ ਟੀਕਾਕਰਣ ਲੱਗਣ ਦੀ ਪਿਛਲੀ ਜਾਣਕਾਰੀ ਪ੍ਰਾਪਤ ਕਰ ਸਕਦੇ ਹਨ।

14 ਸਾਲ ਜਾਂ ਇਸਤੋਂ ਵੱਧ ਦੀ ਉਮਰ ਦੇ ਕਿਸ਼ੋਰ ਆਪਣੀ ਖੁਦ ਦੀ ਟੀਕਾਕਰਣ ਲੱਗਣ ਦੀ ਪਿਛਲੀ ਜਾਣਕਾਰੀ ਦੇਖ ਸਕਦੇ ਹਨ, ਜਾਂ ਮਨੁੱਖੀ ਸੇਵਾਵਾਂ ਵਿਭਾਗ ਨੂੰ ਇਹ ਮਨਜ਼ੂਰੀ ਦੇ ਸਕਦੇ ਹਨ ਕਿ ਉਹ ਤੁਹਾਨੂੰ ਉਨ੍ਹਾਂ ਦੀ ਸਟੇਟਮੇਂਟ ਤਕ ਪਹੁੰਚ ਪ੍ਰਦਾਨ ਕਰਨ।

## ਮੈਨੂੰ ਵਧੇਰੀ ਜਾਣਕਾਰੀ ਕਿੱਥੋਂ ਮਿਲ ਸਕਦੀ ਹੈ?

- **ਆਪਣੇ GP ਜਾਂ ਹੋਰ ਟੀਕਾਕਰਣ ਪ੍ਰਦਾਤਾ ਨਾਲ ਗੱਲਬਾਤ ਕਰੋ।**
- health.gov.au/immunisation